# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 22-04-2024**

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅੱਜ ਰਾਸ਼ਟਰਪਤੀ ਭਵਨ ਵਿੱਚ, 'ਪਦਮ ਪੁਰਸਕਾਰ' ਪ੍ਰਦਾਨ ਕਰਨਗੇ। ਸਾਬਕਾ ਉਪ-ਰਾਸ਼ਟਰਪਤੀ ਐਮ. ਵੈਂਕਈਆ ਨਾਇਡੂ ਅਤੇ ਭਰਤ-ਨਾਟਿਅਮ ਨਰਤਕੀ ਡਾ. ਪਦਮ ਸੁਬਰਾ-ਮਨੀਅਮ ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਜਾਵੇਗਾ। ਡਾ: ਬਿੰਦੇਸ਼ਵਰ ਪਾਠਕ ਨੂੰ ਮਰਨ ਉਪਰੰਤ 'ਪਦਮ ਵਿਭੂਸ਼ਣ' ਨਾਲ ਸਨਮਾਨਿਤ ਕੀਤਾ ਜਾਵੇਗਾ। ਅਭਿਨੇਤਾ ਮਿਥੁਨ ਚੱਕਰਵਰਤੀ ਅਤੇ ਗਾਇਕਾ ਊਸ਼ਾ ਉਥੁਪ ਨੂੰ, ਪਦਮ ਭੂਸ਼ਣ ਨਾਲ ਨਿਵਾਜਿਆ ਜਾਵੇਗਾ। ਇਨ੍ਹਾਂ ਤੋਂ ਇਲਾਵਾ ਸਮਾਜ ਸੇਵਕ ਡਾ: ਸੀਤਾਰਾਮ ਜਿੰਦਲ, ਦਿਲ ਦੇ ਰੋਗਾਂ ਦੇ ਮਾਹਰ ਡਾ: ਤੇਜਸ ਮਧੂ-ਸੂਦਨ ਪਟੇਲ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਰਾਜਪਾਲ ਰਾਮ ਨਾਇਕ ਨੂੰ ਵੀ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਜਾਵੇਗਾ। ਪਦਮ ਪੁਰਸਕਾਰ ਦੇਸ਼ ਦੇ

ਸਰਵਉਚ ਨਾਗਰਿਕ ਪੁਰਸਕਾਰ ਨੇ ਜੋ ਤਿੰਨ ਸ਼੍ਰੇਣੀਆਂ- ਪਦਮ ਵਿਭੂਸ਼ਣ ਪਦਮ ਭੂਸ਼ਣ ਅਤੇ ਪਦਮ ਸ਼੍ਰੀ- ਵਿੱਚ ਦਿੱਤੇ ਜਾਂਦੇ ਨੇ। ਇਨ੍ਹਾਂ ਪੁਰਸਕਾਰਾਂ ਦਾ ਐਲਾਨ ਹਰ ਸਾਲ ਗਣਤੰਤਰ ਦਿਵਸ 'ਤੇ ਕੀਤਾ ਜਾਂਦਾ ਏ।

---------------------------------------------

ਕੌਮੀ ਜਾਂਚ ਏਜੰਸੀ NIA ਨੇ ਅੱਤਵਾਦ ਨਾਲ ਸਬੰਧਤ ਮਾਮਲੇ ਵਿੱਚ, ਸ੍ਰੀਨਗਰ ਵਿੱਚ ਅੱਜ ਸੇਵੇਰੇ 9 ਟਿਕਾਣਿਆਂ ਤੇ ਛਾਪੇਮਾਰੀ ਕੀਤੀ ਏ। ਕੌਮੀ ਜਾਂਚ ਏਜੰਸੀ ਦੇ ਅਧਿਕਾਰੀਆਂ ਨੇ ਪੁਲਿਸ ਅਤੇ ਸੀ. ਆਰ. ਪੀ. ਐਫ. ਨਾਲ ਮਿਲ ਕੇ, ਛਾਪੇਮਾਰੀ ਸ਼ੁਰੂ ਕੀਤੀ ਜਿਹੜੀ ਹਾਲੇ ਤੱਕ ਜਾਰੀ ਏ। ਏਜੰਸੀ ਵੱਲੋਂ ਜਿਨ੍ਹਾਂ ਟਿਕਾਣਿਆਂ ਤੇ ਜਾਂਚ ਕੀਤੀ ਜਾ ਰਹੀ ਏ, ਉਨ੍ਹਾਂ ਵਿੱਚ ਰਿਹਾਇਸ਼ ਅਤੇ ਹੋਰ ਖੇਤਰ ਸ਼ਾਮਲ ਨੇ ਜਿਨ੍ਹਾਂ ਦਾ ਸਬੰਧ ਜਾਂਚ ਅਧੀਨ ਮਾਮਲੇ ਵਿੱਚ ਸ਼ਾਮਲ ਵਿਅਕਤੀਆਂ ਨਾਲ ਹੋਣ ਦਾ ਸ਼ੱਕ ਏ। ਛਾਪੇਮਾਰੀ ਦੇ ਖਾਸ ਟੀਚਿਆਂ ਜਾਂ ਕਾਰਵਾਈ ਦੌਰਾਨ ਕੀਤੀ ਗਈm ਕਿਸੇ ਵੀ ਸੰਭਾਵੀ ਜ਼ਬਤੀ ਬਾਰੇ ਵੇਰਵਿਆਂ ਦਾ ਹਾਲੇ ਖੁਲਾਸਾ ਨਹੀਂ ਕੀਤਾ ਗਿਆ ਏ।

----------------------------------------------------------

ਅੱਜ ਵਿਸ਼ਵ ਧਰਤੀ ਦਿਵਸ ਏ । ਇਹ ਦਿਨ ਵਿਸ਼ਵ ਭਰ ਵਿੱਚ ਵਾਤਾਵਰਣ ਸੁਰੱਖਿਆ ਦੇ ਯਤਨਾਂ ਦਾ ਸਮਰਥਨ ਕਰਨ ਲਈ ਮਨਾਇਆ ਜਾਂਦਾ ਏ । ਇਸ ਵਾਰ ਦਾ ਵਿਸ਼ਾ ਏ - ਪਲੈਨੇਟ ਬਨਾਮ ਪਲਾਸਟਿਕ, ਯਾਨੀ ਪਲਾਸਟਿਕ ਪ੍ਰਦੂਸ਼ਣ ਦੀ ਸਮੱਸਿਆ ਨਾਲ ਨਜਿੱਠਣਾ ਅਤੇ ਧਰਤੀ ਗ੍ਰਹਿ ਨੂੰ ਸੁਰੱਖਿਅਤ ਰੱਖਣ ਦੀ ਦਿਸ਼ਾ ਵਿੱਚ, ਕੁਦਰਤ 'ਤੇ ਇਸ ਦੇ ਪ੍ਰਭਾਵ ਨੂੰ ਦੂਰ ਕਰਨਾ। ਸੰਯੁਕਤ ਰਾਸ਼ਟਰ ਨੇ 22 ਅਪ੍ਰੈਲ 1970 ਨੂੰ ਧਰਤੀ ਦਿਵਸ ਸੰਬੰਧੀ ਐਲਾਨ ਕੀਤਾ ਸੀ, ਜਦੋਂ ਕੈਲੀਫੋਰਨੀਆ ਦੇ ਤੱਟ ਤੋਂ ਇੱਕ ਵੱਡੇ ਤੇਲ ਦਾ ਰਿਸਾਵ ਹੋਇਆ ਸੀ। ਇਹ ਵਿਚਾਰ ਅਮਰੀਕੀ ਸੈਨੇਟਰ ਗੇਲ-ਰਡ ਨੈਲਸਨ ਅਤੇ ਹਰ-ਬੱਟਸ ਦੇ ਵਿਦਿਆਰਥੀ ਡੇਨਿਸ ਹੇਅਸ ਤੋਂ ਆਇਆ ਏ। ਇਹ ਵਿਚਾਰ ਟਿਕਾਊ ਵਿਕਾਸ ਅਤੇ ਵਾਤਾਵਰਣ ਦੀ ਸੁਰੱਖਿਆ ਪ੍ਰਤੀ ਇੱਕ ਮਹੱਤਵਪੂਰਨ ਚੇਤਾਵਨੀ ਸੀ, ਜਿਸ ਵਿੱਚ ਵਿਸ਼ਵ ਪੱਧਰ ਦੇ ਲੋਕਾਂ ਨੂੰ ਭਵਿੱਖ ਲਈ, ਧਰਤੀ ਦੇ ਸਿਹਤਮੰਦ ਅਤੇ ਸੁੰਦਰ ਵਾਤਾਵਰਣ ਲਈ ਇੱਕਜੁੱਟ ਰਹਿਣ ਦੀ ਅਪੀਲ ਕੀਤੀ ਗਈ ਸੀ।

---------------------------------------------------

ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਅਤੇ ਕਿਸਾਨ - ਮਜ਼ਦੂਰ ਮੋਰਚਾ ਦੇ ਸੱਦੇ 'ਤੇ ਪੰਜਾਬ ਦੇ ਸ਼ੰਭੂ ਰੇਲਵੇ ਸਟੇਸ਼ਨ 'ਤੇ ਕਿਸਾਨਾਂ ਵੱਲੋਂ 6 ਦਿਨਾਂ ਤੋਂ ਟ੍ਰੈਕ ਜਾਮ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਏ । ਇਸ ਕਾਰਨ ਅੱਜ ਵੀ 61 ਰੇਲ ਗੱਡੀਆਂ ਰੱਦ ਰਹਿਣਗੀਆਂ ਅਤੇ ਰੇਲਵੇ ਨੇ 34 ਰੇਲ ਗੱਡੀਆਂ ਦੇ ਰੂਟ ਬਦਲ ਦਿੱਤੇ ਨੇ । ਦੂਜੇ ਪਾਸੇ ਜੀਂਦ 'ਚ ਅੱਜ ਕਿਸਾਨਾਂ ਦੀ ਮਹਾ ਪੰਚਾਇਤ ਹੋਵੇਗੀ । ਜੇਲ੍ਹ ਵਿੱਚ ਬੰਦ ਤਿੰਨ ਕਿਸਾਨਾਂ ਦੀ ਰਿਹਾਈ ਨੂੰ ਲੈ ਕੇ, ਕਿਸਾਨ ਅੱਜ ਵੱਡਾ ਐਲਾਨ ਕਰ ਸਕਦੇ ਨੇ ।

---------------------------------------------------

ਸ਼੍ਰੋਮਣੀ ਅਕਾਲੀ ਦਲ ਦੀ ਚੋਣ ਮੈਨੀਫੈਸਟੋ ਕਮੇਟੀ ਦੀ ਤੀਜੀ ਮੀਟਿੰਗ, ਅੱਜ ਚੰਡੀਗੜ੍ਹ ਵਿੱਚ ਹੋ ਰਹੀ ਏ । ਅਕਾਲੀ ਦਲ ਦੀ ਕੋਸ਼ਿਸ਼ ਏ, ਕਿ ਮੈਨੀਫੈਸਟੋ ਅਜਿਹਾ ਬਣਾਇਆ ਜਾਵੇ ਕਿ ਪਾਰਟੀ ਹਰ ਵਰਗ ਨੂੰ ਆਪਣੇ ਨਾਲ ਜੋੜਨ ਵਿਚ ਸਫਲ ਰਹੇ । ਪਿਛਲੀ ਮੀਟਿੰਗ ਵਿਚ ਕਮੇਟੀ ਦੇ ਮੈਂਬਰਾਂ ਨੇ, ਪੰਜਾਬ ਦੇ ਹਰ ਮੁੱਦੇ ਨੂੰ ਚੋਣ ਮਨੋਰਥ ਪੱਤਰ ਵਿੱਚ

ਸ਼ਾਮਲ ਕਰਨ ਤੇ ਜ਼ੋਰ ਦਿੱਤਾ ਸੀ। ਇਸ ਵਿੱਚ ਕਿਸਾਨੀ, ਪਾਣੀ, ਪੰਜਾਬ ਦੀਆਂ ਸਰਹੱਦਾਂ ਤੋਂ ਪਾਕਿਸਤਾਨ ਤੇ ਹੋਰ ਮੁਲਕਾਂ ਤੱਕ ਵਪਾਰ, ਚੰਡੀਗੜ੍ਹ ’ਤੇ ਪੰਜਾਬ ਦਾ ਕੰਟਰੋਲ ਅਤੇ ਚੰਡੀਗੜ੍ਹ ਵਿੱਚ ਮੁਲਾਜ਼ਮਾਂ ਦੀ ਗੈਰ-ਅਨੁਪਾਤਕ ਤਾਇਨਾਤੀ ਵਰਗੇ ਮੁੱਦੇ ਸ਼ਾਮਲ ਨੇ।

---------------------------------------------------------

ਮੋਹਾਲੀ ਦੇ ਜਿਲਾ ਚੋਣ ਅਫਸਰ ਆਸ਼ਿਕਾ ਜੈਨ ਦੀ ਅਗਵਾਈ ਵਿਚ ਲਗਾਤਾਰ ਸਵੀਪ ਗਤੀਵਿਧੀਆਂ ਉਲੀਕੀਆਂ ਜਾ ਰਹੀਆਂ ਨੇ। ਜਿਲ੍ਹਾ ਨੋਡਲ ਅਫਸਰ ਨੇ ਸ਼ੋਸ਼ਲ ਲਾਈਫ ਹੈਲਪ ਐਂਡ ਕੇਅਰ ਫਾਊਂਡੇਸ਼ਨ ਦੇ ਸਹਿਯੋਗ ਨਾਲ ਕੱਲ ਜ਼ੀਰਕਪੁਰ ਵਿਖੇ ਵੋਟਰ ਰਜਿਸਟ੍ਰੇਸ਼ਨ ਅਤੇ ਵੋਟਰ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ, ਜਿਸ ਦੌਰਾਨ ਚੋਣਾਂ ਨਾਲ ਸਬੰਧਤ ਵੱਖ-ਵੱਖ ਮੋਬਾਈਲ ਐਪਸ ਬਾਰੇ ਜਾਣਕਾਰੀ ਦਿੱਤੀ ਗਈ। ਫਾਊਂਡੇਸ਼ਨ ਦੇ ਚੇਅਰਮੈਨ ਡਾ. ਕਰਨ ਕਮਰਾ ਨੇ ਦੱਸਿਆ ਕਿ 125 ਨਵੀਆਂ ਵੋਟਾਂ ਦੇ ਫਾਰਮ ਦਰਜ ਕਰਕੇ ਯੋਗ ਵੋਟਰਾਂ ਨੂੰ ਟੋਪੀਆਂ ਤੇ ਚਾਬੀਆਂ ਦੇ ਛੱਲੇ ਵੀ ਤਕਸੀਮ ਕੀਤੇ ਗਏ।

------------------------------------------------------------

ਫਰੀਦਕੋਟ ਦੇ ਮੁੱਖ ਖੇਤੀਬਾੜੀ ਅਫਸਰ ਡਾ.ਅਮਰੀਕ ਸਿੰਘ ਨੇ ਜ਼ਿਲ੍ਹੇ ਵਿੱਚ ਨਰਮੇ ਦੀ ਫਸਲ ਦੀ ਕਾਸਤ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਬਲਾਕ ਖੇਤੀਬਾੜੀ ਅਫਸਰਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਨਰਮੇ ਦੀ ਫਸਲ ਦੀ ਕਾਸਤ ਉਤਸ਼ਾਹਿਤ ਕਰਨ ਸੰਬੰਧੀ ਗਤੀਵਧੀਆਂ ਤੇ ਵਿਚਾਰ ਕੀਤਾ ਗਿਆ ਅਤੇ ਫਸਲ ਦੀ ਕਟਾਈ ਤੱਕ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦੇਣ ਲਈ ਵਿਉਂਤਬੰਦੀ ਕੀਤੀ ਗਈ । ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲਾ ਫਰੀਦਕੋਟ ਵਿੱਚ ਇਸ ਸਾਲ 950 ਹੈਕਟੇਅਰ ਰਕਬੇ 'ਚ ਨਰਮੇ ਦੀ ਕਾਸ਼ਤ ਕਰਨ ਦਾ ਟੀਚਾ ਮਿਥਿਆ ਗਿਆ ਏ । ਉਨਾਂ ਕਿਹਾ ਕਿ ਨਰਮੇ ਦੀ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਛਿੱਟੀਆਂ ਦੇ ਪ੍ਰਬੰਧਨ ਅਤੇ ਏ. ਬੀ. ਕਾਟਨ ਸਪਿਨਿੰਗ ਮਿੱਲ ਗੁਰੁਸਰ ਜੈਤੋ ਵਿੱਚ ਵੜੇਵਿਆਂ ਵਿੱਚੋਂ ਸੁੰਡੀ ਦੇ ਪਿਊਪੇ ਤੇ ਸੁੰਡੀਆ ਦੇ ਖਾਤਮੇ ਲਈ ਫਿਊਮੀਗੇਸ਼ਨ ਕਰਨ ਦਾ ਕੰਮ ਮੁਕੰਮਲ ਕਰ ਲਿਆ ਗਿਆ ਏ।

---

ਉੱਤਰਾਖੰਡ ਵਿਚ ਪੈਂਦੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਇਸ ਸਾਲ 25 ਮਈ ਤੋਂ ਸ਼ੁਰੂ ਹੋ ਰਹੀ ਏ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਦੇ ਪ੍ਰਧਾਨ ਨਰਿੰਦਰ ਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਯਾਤਰਾ ਦੀ ਤਿਆਰੀ ਵਿਚ ਮੁੱਖ ਕਾਰਜ, ਯਾਤਰਾ ਦੇ ਰਸਤੇ ਤੋਂ ਬਰਫ਼ ਨੂੰ ਹਟਾਉਣਾ ਏ। ਇਹ ਸੇਵਾ ਸ਼ੁਰੂ ਤੋਂ ਹੀ ਭਾਰਤੀ ਫ਼ੌਜ ਵਲੋਂ ਰਵਾਇਤੀ ਤੌਰ 'ਤੇ ਨਿਭਾਈ ਜਾਂਦੀ ਏ। ਬ੍ਰਿਗੇਡ ਕਮਾਂਡਰ ਬ੍ਰਿਗੇਡੀਅਰ, MS ਢਿੱਲੋਂ ਦੇ ਹੁਕਮਾਂ ਅਨੁਸਾਰ 418 ਇੰਜਨੀਅਰਿੰਗ ਕੋਰ ਦੇ ਕਮਾਂਡਿੰਗ ਅਫਸਰ ਕਰਨਲ ਸੁਨੀਲ ਯਾਦਵ ਨੇ ਬਰਫ਼ ਹਟਾਉਣ ਦੀ ਸੇਵਾ ਲਈ ਫ਼ੌਜ ਦੇ ਜਵਾਨ ਭੇਜੇ ਨੇ। ਗੁਰਦੁਆਰਾ ਟਰੱਸਟ ਦੇ ਮੈਨੇਜਰ ਸੇਵਾ ਸਿੰਘ ਨੇ ਗੁਰਦੁਆਰਾ ਗੋਬਿੰਦ ਘਾਟ ਤੋਂ ਪਹਿਲੀ ਟੁਕੜੀ ਅਤੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੂੰ ਰਵਾਨਾ ਕੀਤਾ। ਇਹ ਜਥਾ ਘਾਗਰੀਆ ਤੋਂ ਸ੍ਰੀ ਹੇਮਕੁੰਟ ਸਾਹਿਬ ਮਾਰਗ ਤੱਕ ਬਰਫ਼ ਹਟਾਉਣ ਦਾ ਕੰਮ ਕਰੇਗਾ।